ਸਾਡੀ ਗਿਣਤੀ ਕਰੋ 2020

ਗਿਣੇ ਜਾਣ ਵਿਚ ਸ਼ਕਤੀ ਹੈ

ASIAN AMERICANS ADVANCING JUSTICE

COUNTUSIN2020.ORG

# 2020 ਦੀ ਜਨਗਿਣਤੀ ਵਿੱਚ ਮੇਰੇ ਤੋਂ ਕੀ ਪੁੱਛਿਆ ਜਾਵੇਗਾ?

***ਸਵਾਲ? ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਲਈ ਸਾਡੀ ਮਰਦਮਸ਼ੁਮਾਰੀ ਦੀ ਹਾਟਲਾਈਨ ਨੂੰ 844-2020-API ਤੇ ਕਾਲ ਕਰੋ। ਵਧੇਰੇ ਜਾਣਕਾਰੀ ਲਈ www.CountUsIn2020.org/hotline ਤੇ ਜਾਓ।***

ਜਨਗਿਣਤੀ ਮਾਰਚ 2020 ਵਿੱਚ ਸ਼ੁਰੂ ਹੋਵੇਗੀ! ਜਨਗਿਣਤੀ ਲਈ ਜਵਾਬ ਦੇਣਾ ਇਹ ਯਕੀਨੀ ਬਣਾਵੇਗਾ ਕਿ ਤੁਹਾਡੇ ਪਰਿਵਾਰ ਅਤੇ ਭਾਈਚਾਰੇ ਨੂੰ ਸਰਕਾਰੀ ਵਸੀਲੇ, ਸੇਵਾਵਾਂ ਅਤੇ ਨੁਮਾਇੰਦਗੀ ਦਾ ਆਪਣਾ ਉਚਿਤ ਹਿੱਸਾ ਮਿਲਦਾ ਹੈ।

ਮਾਰਚ 2020 ਦੇ ਮੱਧ ਵਿੱਚ ਸ਼ੁਰੂ ਕਰਦੇ ਹੋਏ, ਤੁਸੀਂ ਜਨਗਿਣਤੀ ਲਈ ਔਨਲਾਈਨ , ਫੋਨ ਜਾਂ  ਡਾਕ ਰਾਹੀਂ ਜਵਾਬ ਦੇ ਸਕਦੇ ਹੋ। ਹਰੇਕ ਪਰਿਵਾਰ (ਪਰਿਵਾਰ ਵਿੱਚ ਇੱਕ ਪਤੇ 'ਤੇ ਰਹਿਣ ਵਾਲਾ ਹਰ ਵਿਅਕਤੀ ਸ਼ਾਮਲ ਹੈ) ***ਇੱਕ*** ਫਾਰਮ ਜਮ੍ਹਾਂ ਕਰੇਗਾ, ਅਤੇ ਹਰੇਕ ਉਸ ਵਿਅਕਤੀ ਨੂੰ ਸੂਚੀਬੱਧ ਕਰੇਗਾ, ਜੋ ਉਸ ਪਤੇ 'ਤੇ ਰਹਿੰਦਾ ਹੈ।

## 2020 ਦੀ ਜਨਗਿਣਤੀ ਵਿੱਚ ਤੁਹਾਡੇ ਪਰਿਵਾਰ ਬਾਰੇ ਪੁੱਛਿਆ ਜਾਵੇਗਾ:

| | |
|---|---|
| 1 ਅਪ੍ਰੈਲ ਨੂੰ ਪਰਿਵਾਰ ਵਿੱਚ ਲੋਕਾਂ ਦੀ ਸੰਖਿਆ। | *ਆਪਣੇ ਘਰ ਵਿੱਚ ਮੌਜੂਦ ਹਰੇਕ ਵਿਅਕਤੀ ਨੂੰ ਸ਼ਾਮਲ ਕਰੋ, ਭਾਵੇਂ ਉਹ ਤੁਹਾਡੇ ਨਾਲ ਸਬੰਧਤ ਨਾ ਹੋਣ। ਜਨਗਿਣਤੀ ਵਿੱਚ ਅਮਰੀਕਾ ਵਿੱਚ ਰਹਿਣ ਵਾਲੇ ਸਾਰੇ ਲੋਕਾਂ,ਦੀ ਗਿਣਤੀ ਕੀਤੀ ਜਾਂਦੀ ਹੈ, ਛੋਟੇ ਬੱਚਿਆਂ, ਗ਼ੈਰ-ਨਾਗਰਿਕਾਂ, ਕਿਰਾਏਦਾਰਾਂ – ਹਰ ਕਿਸੇ ਸਮੇਤ।* |
| ਕੀ ਤੁਹਾਡਾ ਆਪਣਾ ਘਰ ਹੈ ਜਾਂ ਕਿਰਾਏ 'ਤੇ ਹੈ? | *ਜਵਾਬ ਦਿਓ ਕਿ ਤੁਹਾਡਾ ਆਪਣਾ ਘਰ ਹੈ ਜਾਂ ਕਿਰਾਏ 'ਤੇ ਹੈ।* |
| ਟੇਲੀਫੋਨ ਨੰਬਰ | *ਇਹ ਸਿਰਫ਼ ਤਦ ਵਰਤਿਆ ਜਾਵੇਗਾ, ਜੇਕਰ ਅਧਿਕਾਰਤ ਜਨਗਿਣਤੀ ਵਿਭਾਗ ਕਾਰੋਬਾਰ ਲਈ ਲੋੜ ਪਵੇਗੀ।* |

## 2020 ਦੀ ਜਨਗਿਣਤੀ ਵਿੱਚ ਉਹਨਾਂ ਲੋਕਾਂ ਬਾਰੇ ਪੁੱਛਿਆ ਜਾਵੇਗਾ, ਜੋ ਤੁਹਾਡੇ ਪਰਿਵਾਰ ਵਿੱਚ ਰਹਿੰਦੇ ਹਨ:

| | |
|---|---|
| ਪਰਿਵਾਰ ਵਿੱਚਲੇ ਹਰੇਕ ਵਿਅਕਤੀ ਦਾ ਨਾਮ, ਲਿੰਗ, ਉਮਰ, ਅਤੇ ਜਨਮ ਮਿਤੀ | |
| ਫਾਰਮ ਭਰਨ ਵਾਲੇ ਵਿਅਕਤੀ ਨਾਲ ਰਿਸ਼ਤਾ | |
| ਨਸਲ | *ਤੁਸੀਂ ਇੱਕ ਜਾਂ ਵੱਧ ਨਸਲਾਂ ਦੀ ਚੋਣ ਕਰ ਸਕਦੇ ਹੋ। ਜੇਕਰ ਤੁਹਾਡੀ ਪਛਾਣ ਇੱਕ ਤੋਂ ਵੱਧ ਨਸਲਾਂ ਵਾਲੇ ਦੇ ਤੌਰ 'ਤੇ ਹੁੰਦੀ ਹੈ, ਤਾਂ ਤੁਸੀਂ ਆਪਣੇ ਨਸਲਾਂ ਸਬੰਧੀ ਸਮੂਹਾਂ ਲਈ ਖਾਨੇ ਜਾਂ ਖਾਨਿਆਂ 'ਤੇ ਸਹੀ ਦਾ ਨਿਸ਼ਾਨ ਲਗਾ ਸਕਦੇ ਹੋ ਅਤੇ ਆਪਣੀ ਨਸਲਾਂ ਸਬੰਧੀ ਪਿਛੋਕੜ ਬਾਰੇ ਵਾਧੂ ਵੇਰਵਾ ਲਿਖ ਸਕਦੇ ਹੋ।* |

| | |
|---|---|
| | *ਨਸਲਾਂ ਸਬੰਧੀ ਸਾਰੇ ਸਮੂਹ ਚੈੱਕ ਬੌਕਸ ਵਿਕਲਪਾਂ ਦੇ ਤੌਰ ਤੇ ਸੂਚੀਬੱਧ ਨਹੀਂ ਹਨ। ਜੇਕਰ ਤੁਹਾਡਾ ਨਸਲ ਸਬੰਧੀ ਸਮੂਹ ਸੂਚੀਬੱਧ ਨਹੀਂ ਹੈ, ਤਾਂ ਤੁਸੀਂ ਆਪਣੀ ਨਸਲ ਸਬੰਧੀ ਪਿਛੋਕੜ ਬਾਰੇ ਵਾਧੂ ਵੇਰਵਾ ਲਿਖ ਸਕਦੇ ਹੋ।* |
| ਹਿਸਪੈਨਿਕ ਮੂਲ | *ਹਿਸਪੈਨਿਕ ਮੂਲ ਨੂੰ ਜਾਤੀ ਮੰਨਿਆ ਜਾਂਦਾ ਹੈ, ਨਸਲ ਨਹੀਂ।*<br>*ਤੁਸੀਂ ਚਿੰਨ੍ਹਿਤ ਕਰ ਸਕਦੇ ਹੋ ਕਿ ਤੁਸੀਂ ਹਿਸਪੈਨਿਕ ਮੂਲ ਦੇ ਨਹੀਂ ਹੋ ਜਾਂ ਇਹ ਚਿੰਨ੍ਹਿਤ ਕਰ ਸਕਦੇ ਹੋ ਕਿ ਤੁਸੀਂ ਹਿਸਪੈਨਿਕ ਹੋ ਅਤੇ ਆਪਣਾ ਜਾਤੀ ਮੂਲ ਨੋਟ ਕਰ ਸਕਦੇ ਹੋ।* |

ਇਸ ਫਾਰਮ ਵਿੱਚ ਤੁਹਾਡੇ ਤੋਂ ਤੁਹਾਡੀ ਇੰਮੀਗ੍ਰੇਸ਼ਨ ਜਾਂ ਨਾਗਰਿਕਤਾ ਦੀ ਸਥਿਤੀ ਬਾਰੇ ਕੋਈ ਸਵਾਲ *ਨਹੀਂ* ਪੁੱਛਿਆ ਜਾਵੇਗਾ ।
ਫਾਰਮ ਵਿੱਚ ਤੁਹਾਡੇ ਸੋਸ਼ਲ ਸਿਕਿਓਰਿਟੀ ਨੰਬਰ ਦੀ ਮੰਗ *ਨਹੀਂ* ਕੀਤੀ ਜਾਵੇਗੀ।

## ਕੀ ਜਨਗਿਣਤੀ ਵਿੱਚ ਭਾਗ ਲੈਣਾ ਸੁਰੱਖਿਅਤ ਹੈ?

ਜਨਗਿਣਤੀ ਸਬੰਧੀ ਤੁਹਾਡੇ ਜਵਾਬ ਗੁਪਤ ਰੱਖੇ ਜਾਂਦੇ ਹਨ। ਜਨਗਿਣਤੀ ਵਿਭਾਗ ਨੂੰ ਤੁਹਾਡੀ ਵਿਅਕਤੀਗਤ ਜਾਣਕਾਰੀ, ਹੋਰਾਂ ਸਰਕਾਰੀ ਏਜੰਸੀਆਂ, ਇਮੀਗ੍ਰੇਸ਼ਨ ਅਫਸਰਾਂ ਜਾਂ ਜਨਤਾ ਨਾਲ ਸਾਂਝਾ ਕਰਨ ਦੀ ਇਜਾਜ਼ਤ ਨਹੀਂ ਹੈ।
ਸੰਘੀ (Federal) ਕਨੂੰਨ ਦੀ ਸ਼ਰਤ ਹੈ ਕਿ ਹਰ ਵਿਅਕਤੀ ਜਨਗਿਣਤੀ ਵਿੱਚ ਭਾਗ ਲਵੇ ਅਤੇ ਸਾਰੇ ਸਵਾਲਾਂ ਦੇ ਸੱਚਾਈ ਨਾਲ ਜਵਾਬ ਦੇਵੇ। ਜਨਗਿਣਤੀ ਲਈ ਜਵਾਬ ਦਿੰਦੇ ਸਮੇਂ ਝੂਠ ਨਾ ਬੋਲੋ। ਜੇਕਰ ਤੁਸੀਂ ਆਪਣੇ ਫਾਰਮ ਵਿੱਚ ਇੱਕ ਦੋ ਸਵਾਲ ਛੱਡਦੇ ਹੋ, ਤਦ ਵੀ ਤੁਹਾਡੀ ਗਣਨਾ ਕੀਤੀ ਜਾਵੇਗੀ। ਕੋਸ਼ਿਸ਼ ਕਰੋ ਕਿ ਤੁਸੀਂ ਸਹੀ ਤਰੀਕੇ ਨਾਲ ਪੂਰੀ ਜਾਣਕਾਰੀ ਜਨਗਿਣਤੀ ਵਿਭਾਗ ਨੂੰ ਦੇ ਸਕੋ ਤਾਂ ਕਿ ਜਨਗਿਣਤੀ ਦੇ ਕੋਈ ਵੀ ਕਰਮਚਾਰੀ ਨੁ ਕੋਈ ਖੁੰਜੀ ਜਾਣਕਾਰੀ ਲੈਣ ਲਾਇ ਤਵਾੜੇ ਘਰ ਨਾ ਆਣਾ ਪਏ

*ਤੁਸੀਂ www.CountUsIn2020.org/resources ‘ਤੇ ਜਨਗਿਣਤੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।*